Punjabi

Leicester City Council

# ਬਾਲ ਸੁਰੱਖਿਆ ਕਾਨਫਰੰਸ

**Child Protection Conference**

## ਮਾਪਿਆਂ ਅਤੇ ਸੰਭਾਲ ਕਰਤਾਵਾਂ ਵਾਸਤੇ ਇੱਕ ਗਾਈਡ

**A guide for Parents and Carers**

## ਬਾਲ ਸੁਰੱਖਿਆ ਕਾਨਫਰੰਸ ਕੀ ਹੈ?

ਬਾਲ ਸੁਰੱਖਿਆ ਕਾਨਫਰੰਸ ਇੱਕ ਮੀਟਿੰਗ ਹੈ ਜਿਸਦਾ ਪ੍ਰਬੰਧ ਇਹ ਸਾਂਝਾ ਕਰਨ ਲਈ ਕੀਤਾ ਜਾਂਦਾ ਹੈ ਕਿ ਕੀ ਵਧੀਆ ਕੰਮ ਕਰ ਰਿਹਾ ਹੈ ਅਤੇ ਅਸੀਂ ਕਿਸ ਬਾਰੇ ਚਿੰਤਤ ਹਾਂ ਅਤੇ ਇਹ ਫੈਸਲਾ ਕਰਨ ਲਈ ਕਿ ਅੱਗੇ ਕੀ ਹੋਣਾ ਚਾਹੀਦਾ ਹੈ।

**ਕਾਨਫਰੰਸ ਇੱਕੋ ਇੱਕ ਇਹੀ ਫੈਸਲਾ ਲੈ ਸਕਦੀ** ਹੈ ਕਿ ਕੀ ਤੁਹਾਡੇ ਬੱਚੇ/ਬੱਚਿਆਂ ਨੂੰ ਬਾਲ ਸੁਰੱਖਿਆ ਯੋਜਨਾ ਦੇ ਅਧੀਨ ਬਣਾਇਆ ਜਾਣਾ ਹੈ ਜਾਂ ਨਹੀਂ।

## ਮੀਟਿੰਗ ਵਿੱਚ ਕੌਣ ਹੋਵੇਗਾ?

ਆਪਣੇ ਬੱਚੇ ਬਾਰੇ ਬਾਲ ਸੁਰੱਖਿਆ ਕਾਨਫਰੰਸ ਵਿੱਚ ਮਾਪਿਆਂ ਨੂੰ ਲਗਭਗ ਹਮੇਸ਼ਾਂ ਹੀ ਸੱਦਾ ਦਿੱਤਾ ਜਾਂਦਾ ਹੈ, ਭਾਵੇਂ ਉਹ ਹੁਣ ਇਕੱਠੇ ਨਾ ਵੀ ਰਹਿ ਰਹੇ ਹੋਣ। ਤੁਹਾਡੇ ਬੱਚੇ ਦਾ ਸੋਸ਼ਲ ਵਰਕਰ ਬਾਲ ਸੁਰੱਖਿਆ ਕਾਨਫਰੰਸ ਵਿੱਚ ਹਮੇਸ਼ਾਂ ਸ਼ਾਮਲ ਹੋਵੇਗਾ।

ਹੋਰ ਲੋਕ ਜਿਨ੍ਹਾਂ ਨੂੰ ਸੱਦਾ ਦਿੱਤਾ ਜਾ ਸਕਦਾ ਹੈ ਉਹਨਾਂ ਵਿੱਚ ਸ਼ਾਮਲ ਹਨ:

- ਅਧਿਆਪਕ
- ਸਿਹਤ ਕਰਮਚਾਰੀ ਜਿਵੇਂ ਕਿ ਹੈਲਥ ਵਿਜ਼ਟਰ, ਸਕੂਲ ਨਰਸ, ਜੀ.ਪੀ., ਹਸਪਤਾਲ ਦੇ ਡਾਕਟਰ ਆਦਿ
- ਪੁਲਿਸ
- ਪ੍ਰੋਬੇਸ਼ਨ ਜਾਂ ਯੂਥ ਅਫੈਂਡਿੰਗ ਅਫ਼ਸਰ
- ਤੁਹਾਡੇ ਬੱਚੇ ਦੇ ਜੀਵਨ ਵਿੱਚ ਦੇ ਹੋਰ ਮਹੱਤਵਪੂਰਨ ਲੋਕ ਜਿਵੇਂ ਕਿ ਕਨੈਕਸ਼ਨਜ਼ ਸਲਾਹਕਾਰ, ਯੂਥ ਵਰਕਰ ਆਦਿ

ਜਿਸ ਕਿਸੇ ਨੂੰ ਵੀ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ, ਉਸ ਨੂੰ ਇੱਕ ਰਿਪੋਰਟ ਲਿਖਣ ਲਈ ਕਿਹਾ ਜਾਵੇਗਾ।

## ਕੀ ਮੈਨੂੰ ਕਿਸੇ ਨੂੰ ਆਪਣੇ ਨਾਲ ਲਿਆਉਣ ਦੀ ਆਗਿਆ ਹੈ?

ਜੇ ਤੁਸੀਂ ਚਾਹੋਂ ਤਾਂ ਕਿਸੇ ਦੋਸਤ, ਆਪਣੇ ਪਰਿਵਾਰਕ ਨੈੱਟਵਰਕ ਦੇ ਕਿਸੇ ਵਿਅਕਤੀ, ਰਿਸ਼ਤੇਦਾਰ ਜਾਂ ਵਕੀਲ ਨੂੰ ਸਹਾਇਤਾ ਲਈ ਆਪਣੇ ਨਾਲ ਲਿਆ ਸਕਦੇ ਹੋ, ਪਰ ਉਨ੍ਹਾਂ ਨੂੰ ਇਹ ਸਮਝ ਹੋਣੀ ਚਾਹੀਦੀ ਹੈ ਕਿ ਉਹ ਉੱਥੇ ਆਪਣੀ ਰਾਏ ਦੇਣ ਲਈ ਨਹੀਂ ਹੋਣਗੇ ਜਦੋਂ ਤੱਕ ਕਿ ਉਨ੍ਹਾਂ ਨੂੰ ਇਸ ਲਈ ਨਹੀਂ ਪੁੱਛਿਆ ਜਾਂਦਾ।

ਜੇ ਤੁਹਾਨੂੰ ਕਿਸੇ ਦੁਭਾਸ਼ੀਏ ਜਾਂ ਸਾਂਖੇਤਿਕ ਭਾਸ਼ਾ ਦੁਭਾਸ਼ੀਏ ਦੀ ਲੋੜ ਹੈ ਤਾਂ ਤੁਹਾਡੇ ਬੱਚੇ ਦਾ ਸੋਸ਼ਲ ਵਰਕਰ ਕਿਸੇ ਢੁਕਵੇਂ ਵਿਅਕਤੀ ਨੂੰ ਸੱਦਾ ਦੇਣ ਦਾ ਪ੍ਰਬੰਧ ਕਰੇਗਾ।

## ਜੇ ਮੈਂ ਹਾਜ਼ਰ ਨਹੀਂ ਹੋ ਸਕਾਂ ਤਾਂ?

ਅਸੀਂ ਹਮੇਸ਼ਾਂ ਅਜਿਹੇ ਸਮੇਂ ਕਾਨਫਰੰਸਾਂ ਰੱਖਣ ਦਾ ਪ੍ਰਬੰਧ ਕਰਨ ਦੀ ਪੂਰੀ ਕੋਸ਼ਿਸ਼ ਕਰਦੇ ਹਾਂ ਜੋ ਮਾਪਿਆਂ ਲਈ ਸੁਵਿਧਾਜਨਕ ਹੋਵੇ ਕਿਉਂਕਿ ਤੁਹਾਡੇ ਵਿਚਾਰ ਬਹੁਤ ਮਹੱਤਵਪੂਰਨ ਹਨ। ਮੀਟਿੰਗ ਵਿੱਚ ਦੇ ਲੋਕ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਮਦਦ ਕਰਨ ਲਈ ਮੌਜੂਦ ਹੁੰਦੇ ਹਨ ਅਤੇ ਉਹਨਾਂ ਨੂੰ ਇਹ ਜਾਣਨ ਦੀ ਲੋੜ ਹੁੰਦੀ ਹੈ ਕਿ ਤੁਹਾਨੂੰ ਕੀ ਕੁਝ ਮਦਦਗਾਰ ਲੱਗੇਗਾ।

ਤੁਹਾਡੇ ਬੱਚੇ ਦਾ ਸੋਸ਼ਲ ਵਰਕਰ ਵਿਹਾਰਕ ਪ੍ਰਬੰਧਾਂ ਜਿਵੇਂ ਕਿ ਆਵਾਜਾਈ ਜਾਂ ਬਾਲ ਸੰਭਾਲ ਨਾਲ ਨਿਪਟਣ ਵਿੱਚ ਤੁਹਾਡੀ ਮਦਦ ਕਰੇਗਾ ਤਾਂ ਜੋ ਤੁਸੀਂ ਕਾਨਫਰੰਸ ਵਿੱਚ ਆ ਸਕੋ।

ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਕਾਨਫਰੰਸ ਵਿੱਚ ਨਹੀਂ ਆ ਸਕਦੇ ਕਿਉਂਕਿ ਇਸ ਨਾਲ ਤੁਹਾਡੇ ਜਾਂ ਬੱਚਿਆਂ ਲਈ ਖਤਰਾ ਵਧ ਸਕਦਾ ਹੈ, ਤਾਂ ਅਸੀਂ ਇਹ ਯਕੀਨੀ ਬਣਾਉਣ ਦੇ ਤਰੀਕਿਆਂ 'ਤੇ ਵਿਚਾਰ ਕਰ ਸਕਦੇ ਹਾਂ ਕਿ ਹਰ ਕੋਈ ਸੁਰੱਖਿਅਤ ਤਰੀਕੇ ਨਾਲ ਆਪਣੇ ਵਿਚਾਰ ਦੇ ਸਕੇ। ਜੇ ਤੁਹਾਨੂੰ ਕਾਨਫਰੰਸ ਵਿੱਚ ਸ਼ਾਮਲ ਹੋਣਾ ਬਹੁਤ ਮੁਸ਼ਕਿਲ ਲੱਗਦਾ ਹੈ ਤਾਂ ਤੁਹਾਨੂੰ ਕਾਨਫਰੰਸ ਵਿੱਚ ਦੇ ਲੋਕਾਂ ਨੂੰ ਆਪਣੇ ਵਿਚਾਰ ਦੱਸਣ ਦੇ ਹੋਰ ਤਰੀਕਿਆਂ ਬਾਰੇ ਆਪਣੇ ਬੱਚੇ ਦੇ ਸੋਸ਼ਲ ਵਰਕਰ ਨਾਲ ਗੱਲ ਕਰਨੀ ਚਾਹੀਦੀ ਹੈ।

**<u>ਚਾਇਲਡ ਇਨ ਨੀਡ ਪਲਾਨ</u>**

ਕਈ ਵਾਰ ਬਾਲ ਸੁਰੱਖਿਆ ਕਾਨਫਰੰਸ ਦੇ ਮੈਂਬਰ ਇਹ ਫੈਸਲਾ ਕਰਦੇ ਹਨ ਕਿ ਤੁਹਾਡੇ ਬੱਚੇ ਨੂੰ ਨੁਕਸਾਨ ਪਹੁੰਚਣ ਦਾ ਗੰਭੀਰ ਖਤਰਾ ਨਹੀਂ ਹੈ ਅਤੇ ਤੁਹਾਡੇ ਬੱਚੇ ਨੂੰ ਬਾਲ ਸੁਰੱਖਿਆ ਯੋਜਨਾ ਦੀ ਲੋੜ ਨਹੀਂ ਹੈ।

ਇਹ ਹੋ ਸਕਦਾ ਹੈ ਕਿ ਭਾਵੇਂ ਤੁਹਾਨੂੰ ਨੁਕਸਾਨ ਹੋਣ ਦਾ ਖਤਰਾ ਨਾ ਹੋਵੇ ਪਰ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਫਿਰ ਵੀ ਕੁਝ ਮਦਦ ਅਤੇ ਸਹਾਰੇ ਦੀ ਲੋੜ ਹੋਵੇ; ਜਦੋਂ ਅਜਿਹਾ ਹੁੰਦਾ ਹੈ ਤਾਂ ਕਾਨਫਰੰਸ ਦੇ ਮੈਂਬਰ ਲੋੜਵੰਦ ਬੱਚੇ ਦੀ ਯੋਜਨਾ ਦਾ ਸੁਝਾਅ ਦਿੰਦੇ ਹਨ।

ਜੇ ਮੈਂ ਫੈਸਲੇ ਨਾਲ ਅਸਹਿਮਤ ਹਾਂ ਤਾਂ ਕੀ ਹੋਵੇਗਾ?

ਜੇ ਤੁਸੀਂ ਕਾਨਫਰੰਸ ਦੁਆਰਾ ਲਏ ਗਏ ਫੈਸਲੇ ਤੋਂ ਨਾਖੁਸ਼ ਹੋ, ਤਾਂ ਤੁਹਾਨੂੰ ਅਪੀਲ ਕਰਨ ਦਾ ਅਧਿਕਾਰ ਹੈ, ਅਤੇ ਇਸ ਕਾਰਵਾਈ ਦਾ ਪ੍ਰਧਾਨ ਦੱਸ ਸਕਦਾ ਹੈ ਕਿ ਇਹ ਕਿਵੇਂ ਕਰਨੀ ਹੈ।

ਜੇ ਤੁਸੀਂ ਕਾਨਫਰੰਸ ਕੀਤੇ ਜਾਣ ਦੇ ਤਰੀਕੇ ਬਾਰੇ, ਜਾਂ ਇਸ ਵਿੱਚ ਸ਼ਾਮਲ ਕਿਸੇ ਵੀ ਵਰਕਰ ਦੇ ਵਿਵਹਾਰ ਬਾਰੇ ਸ਼ਿਕਾਇਤ ਕਰਨਾ ਜਾਂ ਟਿੱਪਣੀ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਸ਼ਿਕਾਇਤਾਂ ਅਤੇ ਟਿੱਪਣੀਆਂ ਕਿਤਾਬਚੇ ਲਈ ਪੁੱਛ ਸਕਦੇ ਹੋ ਜੋ ਇਸ ਬਾਰੇ ਵੇਰਵੇ ਦਿੰਦਾ ਹੈ ਕਿ ਕੀ ਕਰਨਾ ਹੈ।

**<u>ਜੇ ਮੈਂ ਫੈਸਲੇ ਨਾਲ ਅਸਹਿਮਤ ਹਾਂ ਤਾਂ ਕੀ ਹੋਵੇਗਾ?</u>**

ਜੇ ਤੁਸੀਂ ਕਾਨਫਰੰਸ ਦੁਆਰਾ ਲਏ ਗਏ ਫੈਸਲੇ ਤੋਂ ਨਾਖੁਸ਼ ਹੋ, ਤਾਂ ਤੁਹਾਨੂੰ ਅਪੀਲ ਕਰਨ ਦਾ ਅਧਿਕਾਰ ਹੈ, ਅਤੇ ਇਸ ਕਾਰਵਾਈ ਦਾ ਪ੍ਰਧਾਨ ਦੱਸ ਸਕਦਾ ਹੈ ਕਿ ਇਹ ਕਿਵੇਂ ਕਰਨੀ ਹੈ।  ਜੇ ਤੁਸੀਂ ਕਾਨਫਰੰਸ ਕੀਤੇ ਜਾਣ ਦੇ ਤਰੀਕੇ ਬਾਰੇ, ਜਾਂ ਇਸ ਵਿੱਚ ਸ਼ਾਮਲ ਕਿਸੇ ਵੀ ਵਰਕਰ ਦੇ ਵਿਵਹਾਰ ਬਾਰੇ ਸ਼ਿਕਾਇਤ ਕਰਨਾ ਜਾਂ ਟਿੱਪਣੀ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਸ਼ਿਕਾਇਤਾਂ ਅਤੇ ਟਿੱਪਣੀਆਂ ਕਿਤਾਬਚੇ ਲਈ ਪੁੱਛ ਸਕਦੇ ਹੋ ਜੋ ਇਸ ਬਾਰੇ ਵੇਰਵੇ ਦਿੰਦਾ ਹੈ ਕਿ ਕੀ ਕਰਨਾ ਹੈ।

**<u>ਬਾਲ ਸੁਰੱਖਿਆ ਯੋਜਨਾ</u>**

ਜੇ ਫੈਸਲਾ ਇਹ ਹੁੰਦਾ ਹੈ ਕਿ ਬਾਲ ਸੁਰੱਖਿਆ ਯੋਜਨਾ ਦੀ ਲੋੜ ਹੈ, ਤਾਂ ਯੋਜਨਾ ਇਹ ਦੱਸੇਗੀ:

- ਤੁਹਾਡੇ ਬੱਚੇ ਅਤੇ ਤੁਹਾਡੇ ਪਰਿਵਾਰ ਦੀ ਮਦਦ ਕਰਨ ਲਈ ਬੱਚਿਆਂ ਦੀ ਸਮਾਜਕ ਸੰਭਾਲ ਅਤੇ ਹੋਰ ਸਾਰੀਆਂ ਏਜੰਸੀਆਂ ਨੂੰ ਕੀ ਕਰਨਾ ਚਾਹੀਦਾ ਹੈ
- ਸਥਿਤੀ ਨੂੰ ਸੁਧਾਰਨ ਲਈ ਤੁਸੀਂ ਅਤੇ ਤੁਹਾਡਾ ਪਰਿਵਾਰ ਕੀ ਕਰ ਸਕਦੇ ਹੋ
- ਕਿ ਪ੍ਰਧਾਨ ਇਹ ਸੁਨਿਸ਼ਚਿਤ ਕਰੇਗਾ ਕਿ ਹਰ ਕੋਈ ਜਾਣਦਾ ਹੈ ਕਿ ਉਨ੍ਹਾਂ ਤੋਂ ਕੀ ਉਮੀਦ ਕੀਤੀ ਜਾਂਦੀ ਹੈ

ਕਿਸ ਕਿਸ ਨੂੰ ਪਤਾ ਹੋਵੇਗਾ ਕਿ ਮੇਰਾ ਬੱਚਾ ਬਾਲ ਸੁਰੱਖਿਆ ਯੋਜਨਾ ਹੇਠ ਹੈ ਜਾਂ ਨਹੀਂ?
ਗੁਪਤਤਾ ਬਹੁਤ ਮਹੱਤਵਪੂਰਨ ਹੈ, ਅਤੇ ਕਾਨਫਰੰਸ ਦਾ ਪ੍ਰਧਾਨ ਮੌਜੂਦ ਲੋਕਾਂ ਨੂੰ ਇਸ ਬਾਰੇ ਯਾਦ ਦਿਵਾਏਗਾ। ਅਸੀਂ ਇਹ ਸੁਨਿਸ਼ਚਿਤ ਕਰਨ ਲਈ ਬਹੁਤ ਧਿਆਨ ਰੱਖਦੇ ਹਾਂ ਕਿ ਸਿਰਫ ਉਨ੍ਹਾਂ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਵੇ ਜਿਨ੍ਹਾਂ ਨੂੰ ਜਾਣਨ ਦੀ ਲੋੜ ਹੈ, ਤਾਂ ਜੋ ਉਹ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਮਦਦ ਕਰ ਸਕਣ।

**ਅੱਗੇ ਕੀ ਹੁੰਦਾ ਹੈ?**

ਜੇ ਕੋਈ ਬਾਲ ਸੁਰੱਖਿਆ ਯੋਜਨਾ ਬਣਾਈ ਜਾਂਦੀ ਹੈ, ਤਾਂ ਤੁਹਾਡੇ ਨਾਲ ਲੋਕਾਂ ਦਾ ਇੱਕ ਸਮੂਹ, ਜਿਸਨੂੰ ਕੋਰ ਗਰੁੱਪ ਕਿਹਾ ਜਾਂਦਾ ਹੈ, ਮੁਲਾਕਾਤ ਕਰੇਗਾ ਇਹ ਯਕੀਨੀ ਬਣਾਉਣ ਲਈ ਕਿ ਹਰ ਕੋਈ ਉਹੀ ਕਰ ਰਿਹਾ ਹੈ ਜਿਸ ਬਾਰੇ ਉਹ ਯੋਜਨਾ ਵਿੱਚ ਸਹਿਮਤ ਹੋਏ ਹਨ ਅਤੇ ਇਹ ਕਿ ਤੁਹਾਡਾ ਬੱਚਾ ਸੁਰੱਖਿਅਤ ਹੈ ਅਤੇ ਉਸ ਦੀ ਸਹੀ ਢੰਗ ਨਾਲ ਦੇਖਭਾਲ ਕੀਤੀ ਜਾਂਦੀ ਹੈ। ਤਿੰਨ ਮਹੀਨਿਆਂ ਬਾਅਦ ਇਹ ਦੇਖਣ ਲਈ ਇੱਕ ਹੋਰ ਕਾਨਫਰੰਸ ਹੋਵੇਗੀ ਕਿ ਤੁਹਾਡੇ ਬੱਚੇ ਨੂੰ ਅਜੇ ਵੀ ਸੁਰੱਖਿਆ ਦੀ ਯੋਜਨਾ ਦੀ ਲੋੜ ਹੈ ਜਾਂ ਨਹੀਂ ਅਤੇ ਜੇ ਲੋੜ ਹੈ ਤਾਂ ਕੀ ਇਸ ਨੂੰ ਬਦਲਣ ਦੀ ਲੋੜ ਹੈ।
ਜੇ ਤੁਸੀਂ ਹਾਜ਼ਰ ਨਹੀਂ ਹੁੰਦੇ ਤਾਂ ਵੀ ਤੁਹਾਨੂੰ ਕਾਨਫਰੰਸ ਦਾ ਇੱਕ ਲਿਖਤੀ ਰਿਕਾਰਡ ਮਿਲੇਗਾ। ਤੁਹਾਡੇ ਬੱਚੇ ਦਾ ਸੋਸ਼ਲ ਵਰਕਰ ਮੀਟਿੰਗ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਤੁਹਾਡੇ ਨਾਲ ਲਏ ਗਏ ਫੈਸਲਿਆਂ ਬਾਰੇ ਵਿਚਾਰ-ਵਟਾਂਦਰਾ ਕਰੇਗਾ।

**ਕੀ ਮੇਰਾ ਬੱਚਾ ਉੱਥੇ ਹੋਵੇਗਾ?**

ਤੁਹਾਡੇ ਬੱਚੇ/ਬੱਚਿਆਂ ਦਾ ਸੋਸ਼ਲ ਵਰਕਰ ਇਸ ਗੱਲ 'ਤੇ ਵਿਚਾਰ ਕਰੇਗਾ ਕਿ ਤੁਹਾਡੇ ਬੱਚੇ ਵਾਸਤੇ ਕਾਨਫਰੰਸ ਵਿੱਚ ਭਾਗ ਲੈਣ ਦਾ ਸਭ ਤੋਂ ਵਧੀਆ ਤਰੀਕਾ ਕੀ ਹੈ। ਜੇ ਉਹ ਹਾਜ਼ਰ ਹੋਣਾ ਚਾਹੁੰਦੇ ਹਨ ਅਤੇ ਅਸੀਂ ਸਾਰੇ ਸਹਿਮਤ ਹੋਈਏ ਕਿ ਉਨ੍ਹਾਂ ਲਈ ਉੱਥੇ ਹੋਣਾ ਮਦਦਗਾਰ ਹੋਵੇਗਾ, ਤਾਂ ਉਨ੍ਹਾਂ ਨੂੰ ਮੀਟਿੰਗ ਦੇ ਸਾਰੇ ਜਾਂ ਕੁਝ ਹਿੱਸੇ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾ ਸਕਦਾ ਹੈ।

**ਮੀਟਿੰਗ ਦੀ ਪ੍ਰਧਾਨਗੀ ਕੌਣ ਕਰੇਗਾ?**

ਮੀਟਿੰਗ ਦੀ ਪ੍ਰਧਾਨਗੀ ਇੱਕ ਸੁਤੰਤਰ ਚੇਅਰਪਰਸਨ ਕਰੇਗਾ ਜਿਸਦੀ ਬਾਲ ਸੁਰੱਖਿਆ ਜਾਂਚ ਜਾਂ ਸ਼ਾਮਲ ਸਟਾਫ ਦੇ ਪ੍ਰਬੰਧਨ ਵਿੱਚ ਕੋਈ ਹਿੱਸਾ ਨਹੀਂ ਹੋਵੇਗਾ। ਮੀਟਿੰਗ ਤੋਂ ਪਹਿਲਾਂ ਪ੍ਰਧਾਨ ਤੁਹਾਡੇ ਨਾਲ ਸੰਪਰਕ ਕਰੇਗਾ, ਉਹ ਇਹ ਵਰਣਨ ਕਰੇਗਾ ਕਿ ਮੀਟਿੰਗ ਕਿਵੇਂ ਚੱਲੇਗੀ ਅਤੇ ਤੁਹਾਡੇ ਕਿਸੇ ਵੀ ਸਵਾਲਾਂ ਜਾਂ ਸ਼ੰਕਿਆਂ ਦਾ ਜਵਾਬ ਦੇਵੇਗਾ।

**ਇਹ ਕਿੰਨਾ ਸਮਾਂ ਚੱਲੇਗਾ?**

ਇਹ ਕਹਿਣਾ ਮੁਸ਼ਕਲ ਹੈ ਕਿ ਹਰੇਕ ਮੀਟਿੰਗ ਕਿੰਨੀ ਦੇਰ ਤੱਕ ਚੱਲੇਗੀ ਪਰ ਪਹਿਲੀ (ਸ਼ੁਰੂਆਤੀ) ਕਾਨਫਰੰਸ ਦੀ ਲਗਭਗ ਡੇਢ ਘੰਟੇ ਤੋਂ 2 ਘੰਟੇ ਤੱਕ ਚੱਲਣ ਦੀ ਸੰਭਾਵਨਾ ਹੈ। ਸਮੀਖਿਆ ਕਾਨਫਰੰਸਾਂ ਆਮ ਤੌਰ 'ਤੇ ਛੋਟੀਆਂ ਹੁੰਦੀਆਂ ਹਨ।

**ਮੀਟਿੰਗ ਵਿੱਚ ਕੀ ਵਾਪਰਦਾ ਹੈ?**
ਬਾਲ ਸੁਰੱਖਿਆ ਕਾਨਫਰੰਸ ਇੱਕ ਨਿਰਧਾਰਤ ਏਜੰਡੇ ਦੀ ਪਾਲਣਾ ਕਰੇਗੀ ਤਾਂ ਜੋ ਹਰ ਕੋਈ ਇਨ੍ਹਾਂ ਬਾਰੇ ਸਪੱਸ਼ਟ ਹੋਵੇ

- ਇਲਜ਼ਾਮ, ਘਟਨਾ ਜਾਂ ਚਿੰਤਾਵਾਂ ਜਿਨ੍ਹਾਂ ਕਾਰਨ ਪੁੱਛਗਿੱਛ ਦੀ ਸ਼ੁਰੂਆਤ ਹੋਈ।
- ਕਿਹੜੀਆਂ ਪੁੱਛਗਿੱਛਾਂ ਕਰ ਲੀਤੀਆਂ ਗਈਆਂ ਹਨ ਅਤੇ ਉਨ੍ਹਾਂ ਤੋਂ ਕੀ ਦਿਖਿਆ ਹੈ।
- ਅਗਲੇਰੀ ਕੋਈ ਹੋਰ ਜਾਣਕਾਰੀ
- ਤੁਹਾਡੇ ਬੱਚੇ ਨੂੰ ਪੇਸ਼ ਜੋਖਮ ਦੀ ਪ੍ਰਕਿਰਤੀ
-

ਪ੍ਰਧਾਨ ਤੁਹਾਡੇ ਸਮੇਤ ਹਰ ਕਿਸੇ ਨੂੰ ਬੋਲਣ ਅਤੇ ਸਵਾਲ ਪੁੱਛਣ ਦਾ ਮੌਕਾ ਦੇਵੇਗਾ। ਤੁਹਾਨੂੰ ਤੁਹਾਡੇ ਬਾਰੇ ਕਹੀ ਗਈ ਕਿਸੇ ਵੀ ਚੀਜ਼ ਬਾਰੇ ਆਪਣਾ ਦ੍ਰਿਸ਼ਟੀਕੋਣ ਪ੍ਰਦਾਨ ਕਰਨ ਦਾ ਮੌਕਾ ਦਿੱਤਾ ਜਾਵੇਗਾ। ਕੁਝ ਅਜਿਹੀਆਂ ਚੀਜ਼ਾਂ ਹੋ ਸਕਦੀਆਂ ਹਨ ਜਿੰਨ੍ਹਾਂ ਬਾਰੇ ਕਾਨਫਰੰਸ ਦੌਰਾਨ ਵਿਚਾਰ-ਵਟਾਂਦਰਾ ਕੀਤਾ ਜਾਣਾ ਚਾਹੀਦਾ ਹੈ ਜੋ ਕਿਸੇ ਕਾਰਨ ਕਰਕੇ ਗੁਪਤ ਹੋਣ। ਇਹਨਾਂ ਸਮਿਆਂ ‘ਤੇ ਤੁਹਾਨੂੰ ਅਤੇ ਤੁਹਾਡੇ ਸਮਰਥਕ ਨੂੰ ਕਮਰੇ ਤੋਂ ਨਿਕਲਣ ਲਈ ਕਿਹਾ ਜਾਵੇਗਾ, ਜੇ ਅਜਿਹਾ ਹੋਣ ਦੀ ਸੰਭਾਵਨਾ ਹੋਵੇ ਤਾਂ ਆਮ ਤੌਰ 'ਤੇ ਪ੍ਰਧਾਨ ਤੁਹਾਨੂੰ ਪਹਿਲਾਂ ਹੀ ਦੱਸ ਦੇਵੇਗਾ।

**ਬਾਲ ਸੁਰੱਖਿਆ ਕਾਨਫਰੰਸ ਕੀ ਫੈਸਲਾ ਕਰ ਸਕਦੀ ਹੈ?**
ਬਾਲ ਸੁਰੱਖਿਆ ਕਾਨਫਰੰਸ ਦੇ ਮੈਂਬਰ ਇਹ ਫੈਸਲਾ ਕਰਨਗੇ ਕਿ ਤੁਹਾਡੇ ਬੱਚੇ ਨੂੰ ਨੁਕਸਾਨ ਹੋਣ ਦਾ ਗੰਭੀਰ ਖਤਰਾ ਹੈ ਜਾਂ ਨਹੀਂ ਅਤੇ ਉਸ ਲਈ ਕੋਈ 'ਮਲਟੀ ਏਜੰਸੀ ਬਾਲ ਸੁਰੱਖਿਆ ਯੋਜਨਾ' ਹੋਣੀ ਚਾਹੀਦੀ ਹੈ ਜਾਂ ਨਹੀਂ।
ਕਾਨਫਰੰਸ ਦਾ ਪ੍ਰਧਾਨ ਇਹ ਫੈਸਲਾ ਕਰੇਗਾ ਕਿ ਨੁਕਸਾਨ ਦੇ ਜੋਖਮ ਨੂੰ 'ਸਰੀਰਕ ਬਦਸਲੂਕੀ ਦਾ ਜੋਖਮ'', ਜਿਨਸੀ ਬਦਸਲੂਕੀ, ਭਾਵਨਾਤਮਕ ਬਦਸਲੂਕੀ, ਜਾਂ ਅਣਗਹਿਲੀ ਕਿਹਾ ਜਾਣਾ ਚਾਹੀਦਾ ਹੈ। ਜੇ ਕਾਨਫਰੰਸ ਇਹ ਫੈਸਲਾ ਕਰਦੀ ਹੈ ਕਿ ਤੁਹਾਡੇ ਬੱਚੇ ਨੂੰ ਸੁਰੱਖਿਆ ਯੋਜਨਾ ਦੀ ਲੋੜ ਨਹੀਂ ਹੈ ਤਾਂ ਹੋ ਸਕਦਾ ਹੈ ਕਿ ਅਜਿਹਾ ਮਹਿਸੂਸ ਕੀਤਾ ਜਾਵੇ ਕਿ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਕੁਝ ਵਾਧੂ ਸਹਾਇਤਾ ਤੋਂ ਲਾਭ ਹੋਵੇਗਾ ਜਿਸਨੂੰ ਚਾਇਲਡ ਇਨ ਨੀਡ ਪਲਾਨ ਵਜੋਂ ਜਾਣਿਆ ਜਾਂਦਾ ਹੈ।

**ਬਾਲ ਸੁਰੱਖਿਆ ਯੋਜਨਾ ਕੀ ਹੈ?**
ਜੇ ਬਾਲ ਸੁਰੱਖਿਆ ਕਾਨਫਰੰਸ ਦੇ ਮੈਂਬਰ ਇਹ ਫੈਸਲਾ ਕਰਦੇ ਹਨ ਕਿ ਤੁਹਾਡੇ ਬੱਚੇ ਨੂੰ ਨੁਕਸਾਨ ਹੋਣ ਦਾ ਖਤਰਾ ਹੈ, ਤਾਂ ਉਹ ਇੱਕ ਸੁਰੱਖਿਆ ਯੋਜਨਾ ਬਣਾਉਣਾ ਸ਼ੁਰੂ ਕਰ ਦੇਣਗੇ ਜੋ ਇਹ ਨਿਰਧਾਰਤ ਕਰੇਗੀ ਕਿ ਇਹ ਯਕੀਨੀ ਬਣਾਉਣ ਲਈ ਕੀ ਲੋੜੀਂਦਾ ਹੈ ਕਿ ਉਹ ਸੁਰੱਖਿਅਤ ਹਨ ਅਤੇ ਉਨ੍ਹਾਂ ਦੀ ਸਹੀ ਢੰਗ ਨਾਲ ਦੇਖਭਾਲ ਕੀਤੀ ਜਾਂਦੀ ਹੈ।

## <u>ਬਾਲ ਸੁਰੱਖਿਆ ਕਾਨਫਰੰਸਾਂ ਲਈ ਏਜੰਡਾ</u>

- 
- **ਪਰਿਚੈ, ਉਦੇਸ਼ ਅਤੇ ਮੁਆਫੀਆਂ**
- **ਮੀਟਿੰਗ ਦਾ ਕਾਰਨ**
- **ਖਤਰੇ ਦਾ ਬਿਆਨ ਅਤੇ ਸੁਰੱਖਿਆ ਟੀਚਾ**
- **ਨੈੱਟਵਰਕ ਸਬੰਧੀ ਸਵਾਲ** (ਜੀਨੋਗ੍ਰਾਮ ਸ਼ਾਮਲ ਕੀਤਾ ਜਾਣਾ)
- **ਮੈਪਿੰਗ**: (ਅਸੀਂ ਕਿਸ ਬਾਰੇ ਚਿੰਤਤ ਹਾਂ, ਕੀ ਵਧੀਆ ਚੱਲ ਰਿਹਾ ਹੈ, ਸੁਰੱਖਿਆ ਅਤੇ ਗੁੰਝਲਤਾ ਪੈਦਾ ਕਰਨ ਵਾਲੇ ਕਾਰਕ)
- **ਬਾਲ ਸੁਰੱਖਿਆ ਯੋਜਨਾ ਅਤੇ ਕੋਰ ਗਰੁੱਪ ਦੇ ਕੰਮ ਦੀ ਸਮੀਖਿਆ।** *ਜੇ ਕੋਈ ਸਮੀਖਿਆ ਕਾਨਫਰੰਸ ਹੋਵੇ ਤਾਂ*
- **ਗੁਪਤ ਸਲਾਟ** *ਜਾਂ ਤਾਂ ਮੀਟਿੰਗ ਦੀ ਸ਼ੁਰੂਆਤ ਵਿੱਚ ਜਾਂ ਅੰਸ਼ਕ ਰਸਤੇ ਵਿੱਚ।*
- **ਸਕੇਲਿੰਗ**-
- **ਅੱਗੇ ਕੀ ਹੋਣ ਦੀ ਲੋੜ ਹੈ।**
- **ਸਭ ਤੋਂ ਮਹੱਤਵਪੂਰਨ ਬੁਨਿਆਦੀ ਚੀਜ਼ਾਂ**
- **ਟਾਈਮਲਾਈਨ।**
- **ਯੋਜਨਾ ਵਿੱਚ ਕੌਣ ਸ਼ਾਮਲ ਹੈ**:
- **ਸੁਰੱਖਿਆ ਯੋਜਨਾ/ਯੋਜਨਾ ਦੇ ਨਿਯਮ**
- **ਸੰਕਟਕਾਲੀਨ ਯੋਜਨਾਬੰਦੀ**
- **ਯੋਜਨਾ ਨੂੰ ਰਿਕਾਰਡ ਕਰਨਾ ਅਤੇ ਪ੍ਰਦਰਸ਼ਿਤ ਕਰਨਾ**
- **ਸੁਰੱਖਿਆ ਵਸਤੂਆਂ ਦੀ ਯੋਜਨਾ**
- **ਫੈਸਲਾ ਅਤੇ ਸ਼੍ਰੇਣੀ**
- **ਕੋਰ ਗਰੁੱਪ ਦੇ ਮੈਂਬਰ**
- **ਸਮੀਖਿਆ ਮੀਟਿੰਗ ਦਾ ਸਮਾਂ, ਮਿਤੀ ਅਤੇ ਸਥਾਨ।**